Dispatch No
I/20547/2020

ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਫ਼ਰੀਦਕੋਟ

ਜਵਾਹਰ ਨਵੋਦਿਆ ਵਿਦਿਆਲਿਆ ਕਾਉਣੀ ਨਾਲ ਸਬੰਧਤ 20 ਵਿਦਿਆਰਥੀਆਂ ਨੂੰ ਯੂ ਪੀ ਤੋਂ ਜਲਦੀ ਫ਼ਰੀਦਕੋਟ ਲਿਆਂਦਾ ਜਾਵੇਗਾ -ਢਿੱਲੋਂ

ਸੁਜਾਨਪੁਰ (ਅਲੀਗੜ੍ਹ ) ਵਿਖੇ ਗਏ ਇਹ ਵਿਦਿਆਰਥੀ ਮਾਈਗ੍ਰੇਸ਼ਨ ਸਕੀਮ ਤਹਿਤ ਪੜ੍ਹ ਰਹੇ ਸਨ

ਸੰਸਥਾ ਵੱਲੋਂ ਉੱਥੇ ਰਹਿ ਰਹੇ ਵਿਦਿਆਰਥੀਆਂ ਦੀ ਹਰ ਤਰ੍ਹਾਂ ਦੀ ਮਦਦ ਕੀਤੀ ਜਾ ਰਹੀ ਹੈ

ਫਰੀਦਕੋਟ,27 ਅਪ੍ਰੈਲ-( )

ਜਵਾਹਰ ਨਵੋਦਿਆ ਵਿਦਿਆਲਿਆ ਕਾਉਣੀ ਜ਼ਿਲ੍ਹਾ ਫ਼ਰੀਦਕੋਟ ਦੇ ਵਿਦਿਆਰਥੀ ਜਿਹੜੇ ਕਿ ਮਾਈਗ੍ਰੇਸ਼ਨ ਸਕੀਮ ਰਾਹੀਂ ਜਵਾਹਰ ਨਵੋਦਿਆ ਵਿਦਿਆਲਿਆ ਸੁਜਾਨਪੁਰ ਜ਼ਿਲ੍ਹਾ ਅਲੀਗੜ੍ਹ ਯੂ ਪੀ ਵਿਖੇ ਪੇਪਰ ਦੇਣ ਲਈ ਗਏ ਸਨ ;ਪਰ ਲਾਕਡਾਊਨ ਹੋਣ ਕਾਰਨ ਉੱਥੇ ਹੀ ਫਸ ਗਏ ਹਨ ਨੂੰ ਫਰੀਦਕੋਟ ਵਿਖੇ ਵਾਪਸ ਲਿਆਉਣ ਲਈ ਪੰਜਾਬ ਸਰਕਾਰ ਵੱਲੋਂ ਕਾਰਵਾਈ ਆਰੰਭੀ ਜਾ ਰਹੀ ਹੈ ਤੇ ਇਨ੍ਹਾਂ ਵਿਦਿਆਰਥੀਆਂ ਨੂੰ ਛੇਤੀ ਹੀ ਉਨ੍ਹਾਂ ਦੇ ਘਰਾਂ ਤੱਕ ਪਹੁੰਚਾਇਆ ਜਾਵੇਗਾ ।ਇਹ ਜਾਣਕਾਰੀ ਮੁੱਖ ਮੰਤਰੀ ਪੰਜਾਬ ਦੇ ਸਿਆਸੀ ਸਲਾਹਕਾਰ ਸ: ਕੁਸ਼ਲਦੀਪ ਸਿੰਘ ਢਿੱਲੋਂ ਵਿਧਾਇਕ ਫ਼ਰੀਦਕੋਟ ਨੇ ਦਿੱਤੀ ।

ਸ:ਕੁਸ਼ਲਦੀਪ ਸਿੰਘ ਢਿੱਲੋਂ ਨੇ ਦੱਸਿਆ ਕਿ ਜਵਾਹਰ ਨਵੋਦਿਆ ਵਿਦਿਆਲਿਆ ਕਾਉਣੀ ਜ਼ਿਲ੍ਹਾ ਫ਼ਰੀਦਕੋਟ ਦੇ ਪਿ੍ਰੰਸੀਪਲ ਸ੍ਰੀ ਟੀਪੀ ਸਿੰਘ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਹੈ ਕਿ ਜਵਾਹਰ ਨਵੋਦਿਆ ਵਿਦਿਆਲਿਆ ਕਾਉਣੀ ਦੇ ਵੀ ਵਿਦਿਆਰਥੀ ਜਿਨ੍ਹਾਂ ਵਿੱਚੋਂ 11 ਲੜਕੀਆਂ ਅਤੇ 9 ਲੜਕੇ ਸ਼ਾਮਲ ਹਨ ,ਨੂੰ ਜਵਾਹਰ ਨਵੋਦਿਆ ਵਿਦਿਆਲਿਆ ਸੁਜਾਨਪੁਰ ਜ਼ਿਲ੍ਹਾ ਅਲੀਗੜ੍ਹ ਉੱਤਰ ਪ੍ਰਦੇਸ਼ ਵਿਖੇ ਮਾਈਗ੍ਰੇਸ਼ਨ ਸਕੀਮ ਤਹਿਤ ਤਬਦੀਲ ਕੀਤਾ ਗਿਆ ਸੀ ।ਉਨ੍ਹਾਂ ਦੀਆਂ ਸਾਲਾਨਾ ਪ੍ਰੀਖਿਆਵਾਂ 20 ਮਾਰਚ ਨੂੰ ਖਤਮ ਹੋਈਆਂ ਸਨ ਅਤੇ ਇਸ ਤੋਂ ਬਾਅਦ ਉਨ੍ਹਾਂ ਨੇ ਵਾਪਸ ਫ਼ਰੀਦਕੋਟ ਵਿਖੇ ਆਪਣੇ ਘਰਾਂ ਵਿੱਚ ਆਉਣਾ ਸੀ ।ਉਨ੍ਹਾਂ ਦੱਸਿਆ ਕਿ ਪੂਰੇ ਦੇਸ਼ ਵਿੱਚ ਲਾਕ ਡਾਉਨ ਹੋਣ ਕਾਰਨ ਇਹ ਸਾਰੇ ਵਿਦਿਆਰਥੀ ਸੁਜਾਨਪੁਰ (ਯੂ. ਪੀ) ਵਿਖੇ ਹੀ ਫਸ ਗਏ ਹਨ ।

ਸ: ਢਿੱਲੋਂ ਨੇ ਅੱਗੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਤੋਂ ਇਲਾਵਾ ਸਕੂਲ ਦੇ ਪਿ੍ਰੰਸੀਪਲ ਵੱਲੋਂ ਸੁਜਾਨਪੁਰ ਵਿਚ ਫਰੀਦਕੋਟ ਜ਼ਿਲ੍ਹੇ ਨਾਲ ਸਬੰਧਤ ਇਨ੍ਹਾਂ ਵਿਦਿਆਰਥੀਆਂ ਨਾਲ ਲਗਾਤਾਰ ਰਾਬਤਾ ਕਾਇਮ ਕੀਤਾ ਹੋਇਆ ਹੈ ਤੇ ਸਕੂਲ ਮੈਨੇਜਮੈਂਟ ਵੱਲੋਂ ਉਨ੍ਹਾਂ ਨੂੰ ਰਿਹਾਇਸ਼ ,ਖਾਣੇ ਸਮੇਤ ਹਰ ਤਰ੍ਹਾਂ ਦੀ ਸਹੂਲਤ ਮੁਹੱਈਆ ਕਰਵਾਈ ਜਾ ਰਹੀ ਹੈ ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਵਿਧਾਨ ਸਭਾ ਨੂੰ ਜ਼ਿਲ੍ਹੇ ਨਾਲ ਸਬੰਧਤ ਇਨ੍ਹਾਂ ਵਿਦਿਆਰਥੀਆਂ ਨੂੰ ਜਲਦੀ ਫਰੀਦਕੋਟ ਵਿਖੇ ਵਾਪਸ ਲਿਆਉਣ ਲਈ ਰਾਬਤਾ ਕਾਇਮ ਕੀਤਾ ਗਿਆ ਹੈ ਅਤੇ ਪੰਜਾਬ ਸਰਕਾਰ ਵੱਲੋਂ ਯੂਪੀ ਸਰਕਾਰ ਅਤੇ ਕੇਂਦਰ ਸਰਕਾਰ ਨਾਲ ਰਾਬਤਾ ਕਾਇਮ ਕਰਕੇ ਜ਼ਰੂਰੀ ਪ੍ਰਵਾਨਗੀਆਂ ਲੈਣ ਉਪਰੰਤ ਇਨ੍ਹਾਂ ਵਿਦਿਆਰਥੀਆਂ ਨੂੰ ਫ਼ਰੀਦਕੋਟ ਵਿਖੇ ਵਾਪਸ ਲਿਆਂਦਾ ਜਾਵੇਗਾ ।ਉਨ੍ਹਾਂ ਇਨ੍ਹਾਂ ਵਿਦਿਆਰਥੀਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਦੇ ਬੱਚੇ ਪੂਰੀ ਤਰ੍ਹਾਂ ਸੁਰੱਖਿਅਤ ਹਨ ਅਤੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਵੀ ਦਿੱਕਤ ਪੇਸ਼ ਨਹੀਂ ਆ ਰਹੀ ਤੇ ਉਹ ਜਲਦੀ ਹੀ ਪ੍ਰਵਾਨਗੀਆਂ ਮਿਲਣ ਉਪਰੰਤ ਆਪਣੇ ਘਰਾਂ ਵਿੱਚ ਹੋਣਗੇ।

Dispatch No I/20555/2020

ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਫ਼ਰੀਦਕੋਟ

**ਕੋਵਿਡ 19 ਮਹਾਂਮਾਰੀ ਖਿਲਾਫ਼ ਲੜ ਰਹੇ ਜੁਝਾਰੂਆਂ ਲਈ ਪੰਜਾਬ ਪੁਲਿਸ ਫ਼ਰੀਦਕੋਟ ਵੱਲੋਂ ਸਮਾਗਮ ਆਯੋਜਿਤ**

**ਸਮਾਗਮ ਦਾ ਮਕਸਦ ਕਰੋਨਾ ਵਿਰੁੱਧ ਪਹਿਲੀ ਕਤਾਰ ਵਿਚ ਲੜਾਈ ਲੜ ਰਹੇ ਯੋਧਿਆਂ ਨੂੰ ਮਾਣ ਅਤੇ ਧੰਨਵਾਦ ਦੇਣਾ ਹੈ- ਐਸ.ਐਸ.ਪੀ**

**ਸਨਮਾਨ ਵਜੋਂ "ਮੈਂ ਵੀ ਹਰਜੀਤ ਸਿੰਘ" ਦੇ ਬੈਜ ਲਗਾਏ**

ਫ਼ਰੀਦਕੋਟ, 27 ਅਪ੍ਰੈਲ ( ) ਕਰੋਨਾ ਮਹਾਂਮਾਰੀ (ਕੋਡਿਵ-19) 'ਚ ਦੇਸ਼ ਭਰ ਦੇ ਪੁਲਿਸ ਮੁਲਾਜਮਾਂ ਅਤੇ ਡਾਕਟਰਾਂ ਦੇ ਹੱਕ ਵਿਚ ਡਾਇਰੈਕਟਰ ਜਨਰਲ ਪੰਜਾਬ ਪੁਲਿਸ ਸ੍ਰੀ ਦਿਨਕਰ ਗੁਪਤਾ ਦੀਆਂ ਹਦਾਇਤਾਂ ਤੇ ਸੀਨੀਅਰ ਪੁਲਿਸ ਕਪਤਾਨ ਸ. ਮਨਜੀਤ ਸਿੰਘ ਢੇਸੀ ਅਤੇ ਦਫ਼ਤਰ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਆਪਣੇ ਹੱਥਾਂ ਵਿਚ "ਮੈਂ ਵੀ ਹਰਜੀਤ ਸਿੰਘ" ਦਾ ਬੈਜ ਲਗਾਕੇ ਅਤੇ ਹੱਥ ਵਿਚ ਤਖਤੀਆਂ ਫੜ੍ਹ ਕੇ ਕਰੋਨਾ ਵਿਰੁਧ ਪਹਿਲੀ ਕਤਾਰ ਵਿਚ ਹੋ ਕੇ ਲੜ੍ਹਣ ਵਾਲਿਆਂ ਦਾ ਸਨਮਾਨ ਕੀਤਾ ਗਿਆ

ਇਸ ਮੌਕੇ ਸ. ਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਮੈਨੂੰ ਮੇਰੀ ਪੰਜਾਬ ਪੁਲਿਸ ਤੇ ਮਾਣ ਹੈ, ਮੈਂ ਵੀ ਹਰਜੀਤ ਸਿੰਘ ਹਾਂ। ਉਨ੍ਹਾਂ ਕਿਹਾ ਕਿ ਹਰਜੀਤ ਸਿੰਘ ਦੇਸ਼ ਦੀ ਪੁਲਿਸ ਲਈ ਕੋਵਿਡ-19 ਮਹਾਂਮਾਰੀ ਖਿਲਾਫ਼ ਲੜਾਈ ਲੜ੍ਹਣ ਵਾਲੇ ਡਿਊਟੀ ਦੌਰਾਨ ਹੱਥ ਕੱਟਿਆ ਗਿਆ ਸੀ ਅਤੇ ਹੁਣ ਉਨ੍ਹਾ ਦਾ ਸਫ਼ਲਤਾ ਪੂਰਵਕ ਇਲਾਜ ਪੀ.ਜੀ.ਆਈ ਚੰਡੀਗੜ੍ਹ ਵਿਖੇ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਸਮਾਗਮ ਦਾ ਆਯੋਜਨ ਕਰਨ ਦਾ ਮਕਸਦ ਸਮੂਹ ਰਾਜ ਅਤੇ ਦੇਸ਼ ਵਿਚ ਕਰੋਨਾ ਵਿਰੁੱਧ ਪਹਿਲੀ ਕਤਾਰ ਵਿਚ ਖੜ੍ਹਕੇ ਲੜ੍ਹ ਰਹੇ ਪੁਲਿਸ, ਪੈਰਾ ਮਿਲਟਰੀ ਫੋਰਸ,ਡਾਕਟਰਾਂ ਤੇ ਸਿਹਤ ਵਿਭਾਗ ਤੇ ਹੋਰ ਸਟਾਫ਼ ਸਮੇਤ ਹਰ ਇਕ ਉਸ ਸਖਸ਼ ਦਾ ਸਨਮਾਨ ਅਤੇ ਧੰਨਵਾਦ ਕਰਨ ਅਤੇ ਉਨ੍ਹਾਂ ਨੂੰ ਮਾਣ ਦੇਣਾ ਹੈ। ਉਨ੍ਹਾਂ ਕਿਹਾ ਕਿ ਅੱਜ ਜ਼ਿਲ੍ਹੇ ਵਿਚ ਸਾਰੇ ਜਵਾਨਾਂ ਅਧਿਕਾਰੀਆਂ ਨੂੰ ਆਪਣੇ ਬੈਜ "ਮੈਂ ਵੀ ਹਰਜੀਤ ਸਿੰਘ" ਲਿਖ ਕੇ ਉਸ ਜੁਝਾਰੂ ਪੁਲਿਸ ਜਵਾਨ ਨੂੰ ਸਨਮਾਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਅਮਨ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਦੀ ਹੈ। ਇਸ ਤੋਂ ਇਲਾਵਾ ਜ਼ਿਲ੍ਹੇ ਵਿਚ ਕਰੋਨਾ ਮਹਾਂਮਾਰੀ ਨੂੰ ਅੱਗੇ ਰੋਕਣ ਲਈ ਪੂਰੀ ਤਰ੍ਹਾਂ ਸਰਗਰਮ ਹੈ ਅਤੇ ਕਰਫ਼ਿਊ ਦੌਰਾਨ ਪੁਲਿਸ ਗਰੀਬਾਂ, ਲੋੜਵੰਦਾਂ ਨੂੰ ਉਨ੍ਹਾਂ ਦੇ ਘਰਾਂ ਤੱਕ ਰਾਸ਼ਨ, ਦਵਾਈਆਂ ਆਦਿ ਵੀ ਪਹੁਚਾ ਰਹੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਘਰਾਂ ਵਿਚ ਰਹਿ ਕੇ ਕਰੋਨਾ ਮਹਾਂਮਾਰੀ ਨੂੰ ਹਰਾਉਣ ਲਈ ਜ਼ਿਲ੍ਹਾ ਪ੍ਰਸਾਸ਼ਨ ਦਾ ਸਾਥ ਦੇਣ ਅਤੇ ਬਾਹਰ ਪੁਲਿਸ ਉਨ੍ਹਾਂ ਦੀ ਹਿਫ਼ਾਜਤ ਲਈ 24 ਘੰਟੇ ਤੈਨਾਤ ਹੈ। ਇਸ ਮੌਕੇ ਪੁਲਿਸ ਕਪਤਾਨ ਸ. ਭੁਪਿੰਦਰ ਸਿੰਘ, ਸ. ਸੇਵਾ ਸਿੰਘ ਮੱਲੀ, ਡੀ.ਐਸ.ਪੀ ਅਵਤਾਰ ਚੰਦ, ਜਸਤਿੰਦਰ ਸਿੰਘ ਤੋਂ ਇਲਾਵਾ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

Dispatch no. I/20611/2020

ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਫ਼ਰੀਦਕੋਟ

ਗ਼ਰੀਬ ਕਲਿਆਣ ਅੰਨ ਯੋਜਨਾ ਤਹਿਤ ਗਰੀਬ ਪਰਿਵਾਰਾਂ ਨੂੰ ਕਣਕ, ਦਾਲ ਮੁਹੱਈਆ ਕਰਵਾਈ ਜਾ ਰਹੀ ਹੈ -ਢਿੱਲੋਂ

ਜ਼ਿਲ੍ਹੇ ਦੇ 84746 ਪਰਿਵਾਰਾਂ ਨੂੰ ਮਿਲੇਗਾ ਸਕੀਮ ਤਹਿਤ ਮੁਫ਼ਤ ਰਾਸ਼ਨ ਦਾ ਲਾਭ

ਫਰੀਦਕੋਟ , 27 ਅਪ੍ਰੈਲ-(      ) ਕਰੋਨਾ ਮਹਾਂਮਾਰੀ ਦੀ ਰੋਕਥਾਮ ਲਈ ਚੱਲ ਰਹੇ ਕਰਫ਼ਿਊ ਦੌਰਾਨ ਜ਼ਿਲ੍ਹੇ ਦੇ ਗਰੀਬ ਪਰਿਵਾਰਾਂ ਨੂੰ ਰਾਸ਼ਨ ਅਤੇ ਹੋਰ ਖਾਣ ਪੀਣ ਵਾਲੀਆਂ ਵਸਤਾਂ ਦੀ ਨਿਰਵਿਘਨ ਸਪਲਾਈ ਲਈ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਪੰਜਾਬ ਵੱਲੋਂ ਵਿਸ਼ੇਸ਼ ਉੱਦਮ ਕੀਤਾ ਜਾ ਰਿਹਾ ਹੈ ।ਜਿਸ ਤਹਿਤ ਫਰੀਦਕੋਟ ਜ਼ਿਲ੍ਹੇ ਦੇ 84746 ਪਰਿਵਾਰਾਂ ਨੂੰ ਉਨ੍ਹਾਂ ਦੇ ਘਰ ਤੱਕ ਲੋੜੀਂਦਾ ਰਾਸ਼ਨ ਪਹੁੰਚਾਇਆ ਜਾ ਰਿਹਾ ਹੈ ।ਇਹ ਜਾਣਕਾਰੀ ਮੁੱਖ ਮੰਤਰੀ ਦੇ ਸਿਆਸੀ ਸਲਾਹਕਾਰ ਅਤੇ ਫਰੀਦਕੋਟ ਤੋਂ ਵਿਧਾਇਕ ਸ: ਕੁਸ਼ਲਦੀਪ ਸਿੰਘ ਢਿੱਲੋਂ ਨੇ ਦਿੱਤੀ

ਸ: ਢਿੱਲੋਂ ਨੇ ਦੱਸਿਆ ਕਿ ਇਸ ਸਕੀਮ ਤਹਿਤ ਕੁੱਲ 84746 ਪਰਿਵਾਰ ਅਤੇ ਉਨ੍ਹਾਂ ਦੇ 329525 ਮੈਂਬਰ ਆਉਂਦੇ ਹਨ ,ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ ਤਹਿਤ ਲੋੜੀਂਦਾ ਰਾਸ਼ਨ ਮੁਹੱਈਆ ਕਰਵਾਇਆ ਜਾ ਰਿਹਾ ਹੈ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਇਨ੍ਹਾਂ ਪਰਿਵਾਰਾਂ ਨੂੰ ਤਿੰਨ ਮਹੀਨੇ ਦੀ ਮੁਫ਼ਤ ਕਣਕ ਅਤੇ ਦਾਲ ਮੁਹੱਈਆ ਕਰਵਾਈ ਜਾ ਰਹੀ ਹੈ ਇਸ ਵਿੱਚ 15 ਕਿਲੋ ਕਣਕ ਪ੍ਰਤੀ ਜੀਅ ਪ੍ਰਤੀ ਮਹੀਨਾ ਅਤੇ ਇੱਕ ਕਿੱਲੋ ਦਾਲ ਪ੍ਰਤੀ ਪਰਿਵਾਰ ਪ੍ਰਤੀ ਮਹੀਨਾ ਮੁਹੱਈਆ ਕਰਵਾਈ ਜਾ ਰਹੀ ਹੈ ।ਉਨ੍ਹਾਂ ਦੱਸਿਆ ਕਿ ਸਮੁੱਚੇ ਫ਼ਰੀਦਕੋਟ ਜ਼ਿਲ੍ਹੇ ਵਿੱਚ ਉਕਤ ਪਰਿਵਾਰਾਂ ਨੂੰ 2542 ਕੁਇੰਟਲ ਦਾਲ ਅਤੇ 49428 ਕੁਇੰਟਲ ਕਣਕ ਦੀ ਵੰਡ ਕੀਤੀ ਜਾ ਰਹੀ ਹੈ।

Dispatch no. I/20603/2020

ਦਫਤਰ ਜਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ

ਕਲਸਟਰ ਜ਼ੋਨ ਮਿਸਤਰੀਆਂ ਵਾਲੀ ਗਲੀ ਫਰੀਦਕੋਟ ਅਜੇ ਖੁੱਲਣ ਦੀ ਸੰਭਾਵਨਾ ਨਹੀ- ਸਿਵਲ ਸਰਜਨ

ਪਾਜਟਿਵ ਮਰੀਜ਼ਾਂ ਦੀ ਸੈਂਪਲ ਮੁੜ ਜਾਂਚ ਲਈ ਅਮ੍ਰਿੰਤਸਰ ਭੇਜੇ

ਫਰੀਦਕੋਟ ਜ਼ਿਲਾ ਨਿਵਾਸੀ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕਰਨ

ਫਰੀਦਕੋਟ 27 ਅਪ੍ਰੈਲ, 2020 (    ) ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਪੰਜਾਬ ਵੱਲੋਂ ਨੋਵਲ ਕੋਰੋਨਾ ਵਾਇਰਸ ਦੀ ਚੇਨ ਤੋੜਨ,ਇਸ ਦੀ ਰੋਕਥਾਮ ਅਤੇ ਜਾਗਰੂਕਤਾ ਲਈ ਸੂਬੇ ਭਰ ’ਚ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ।ਸਿਹਤ ਮੰਤਰੀ ਪੰਜਾਬ ਸ.ਬਲਵੀਰ ਸਿੰਘ ਸਿੱਧੂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡਿਪਟੀ ਕਮਿਸ਼ਨਰ ਕੁਮਾਰ ਸੌਰਭ ਰਾਜ ਆਈ.ਏ.ਐਸ ਯੋਗ ਅਗਵਾਈ ਹੇਠ ਜ਼ਿਲੇ ਅੰਦਰ ਕੋਵਿਡ-19 ਦੇ ਪਰਕੋਪ ਤੋਂ ਲੋਕਾਂ ਨੂੰ ਬਚਾਉਣ ਲਈ ਵੱਖ ਅਧਿਕਾਰੀ-ਕਰਮਚਾਰੀ ਅਤੇ ਆਰ.ਆਰ.ਟੀ ਟੀਮਾਂ ਕੰਮ ਕਰ ਰਹੀਆਂ ਹਨ।

ਡਾ.ਰਜਿੰਦਰ ਕੁਮਾਰ ਸਿਵਲ ਸਰਜਨ ਨੇ ਸਮੂਹ ਜ਼ਿਲਾ ਫਰੀਦਕੋਟ ਦੇ ਨਿਵਾਸੀਆਂ ਨੂੰ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਉਨਾਂ ਕਿਹਾ ਕਿ ਜੇ ਸਾਵਧਾਨੀਆਂ ਅਤੇ ਹਦਾਇਤਾਂ ਨੂੰ ਅਣਗੌਲਿਆਂ ਕੀਤਾ ਗਿਆ ਤਾਂ ਇਹ ਭਿਆਕਨ ਬਿਮਾਰੀ ਕਿਸੇ ਵੀ ਸਮੇਂ ਦੁਬਾਰਾ ਦਸਤਕ ਦੇ ਸਕਦੀ ਹੈ।ਉਨਾਂ ਕਿਹਾ ਕਿ ਜ਼ਿਲੇ ਦੇ ਪਾਜ਼ੇਟਿਵ ਆਏ ਦੋਨਾਂ ਕੇਸਾਂ ਦੀ ਰਿਪੋਰਟ ਨੈਗਟਿਵ ਆਉਣ ਦੇ 14 ਦਿਨਾ ਬਾਅਦ ਕਲਸਟਰ ਜਾਨ ਨੂੰ ਕੋਰੋਨਾ ਮੁਕਤ ਜੋਨ ਸਮਝਿਆ ਜਾ ਸਕਦਾ ਹੈ ਇਸ ਲਈ ਮਿਸਤਰੀਆਂ ਵਾਲੀ ਗਲੀ ਫਰੀਦਕੋਟ ਅਜੇ ਬੰਦ ਰਹੇਗੀ। ਡਾ.ਰਜਿੰਦਰ ਨੇ ਕਿਹਾ ਕਿ ਜੇ ਇਸ ਗਲੀ ਵਿਚੋਂ ਕੋਈ ਵੀ ਵਿਅਕਤੀ ਬਾਹਰ ਜਰੂਰੀ ਸੇਵਾਵਾਂ ਲਈ ਜਾਣਾ ਚਾਹੁੰਦਾ ਹੈ ਤਾਂ ਉਹ ਮਾਨਯੋਗ ਡਿਪਟੀ ਕਮਿਸ਼ਨਰ ਪਾਸੋਂ ਕਰਫਿਊ ਪਾਸ ਜਾਰੀ ਕਰਵਾ ਸਕਦਾ ਹੈ।ਪਰ ਇੱਕ ਵਾਰ ਇਸ ਇਲਾਕੇ ਚੋਂ ਬਾਹਰ ਜਾਣ ਵਾਲੇ ਵਿਅਕਤੀ ਨੂੰ ਮੁੜ ਵਾਪਸ ਅੰਦਰ ਜਾਣ ਦੀ ਆਗਿਆ ਨਹੀ ਹੋਵੇਗੀ।

ਉਨ੍ਹਾਂ ਕਿਹਾ ਕਿ ਇਹ ਠੀਕ ਹੈ ਕਿ ਹੁਣ ਫਰੀਦਕੋਟ ਵਿੱਚ ਕੋਰੋਨਾ ਦਾ ਕੋਈ ਨਵਾਂ ਕੇਸ ਨਹੀ ਆਇਆ ਪਰ ਲਾਪਰਵਾਹੀ ਅਜੇ ਵੀ ਮਹਿੰਗੀ ਪੈ ਸਕਦੀ ਹੈ। ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਘਬਰਾਉਣ ਜਾਂ ਡਰਨ ਦੀ ਲੋੜ ਨਹੀ ਹੈ।ਸਰਕਾਰ ਵੱਲੋਂ ਜਾਰੀ ਨਿਯਮਾਂ ਦੀ ਪਾਲਣਾ ਕਰੋ,ਘਰ ਰਹੋ ਸੁਰੱਖਿਅਤ ਰਹੋ।ਉਨ੍ਹਾਂ ਕਿਹਾ ਕਿ ਫਰੀਦਕੋਟ ਦੇ ਦੋਵਾਂ ਕਰੋਨਾ ਪਾਜਟਿਵ ਮਰੀਜ਼ਾਂ ਦੀ 14 ਦਿਨ ਬਾਅਦ ਲਈ ਗਈ ਰਿਪੋਰਟ ਫਿਰ ਪਾਜਟਿਵ ਆਈ ਹੈ ਜਿਸ ਉਪਰੰਤ ਇਨ੍ਹਾਂ ਦੀ ਹੋਰ ਜਾਂਚ ਲਈ ਸੈਂਪਲ ਅੰਮ੍ਰਿਤਸਰ ਲੈਬ ਵਿੱਚ ਭੇਜੇ ਜਾ ਰਹੇ ਹਨ। ਇਸ ਦਾ ਨਤੀਜਾ ਆਉਣ ਮਗਰੋ ਹੀ ਕਲੱਸਟਰ ਜ਼ੋਨ ਹਟਾਉਣ ਬਾਰੇ ਅਗਲੀ ਕਾਰਵਾਈ ਕੀਤਾ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਜਿਲ੍ਹੇ ਵਿੱਚ ਹਜ਼ੂਰ ਸਾਹਿਬ, ਕੋਟਾ ਅਤੇ ਹੋਰ ਫਲੂ ਕਾਰਨਰ ਥਾਵਾਂ ਤੋਂ ਆਉਣ ਵਾਲੇ ਲੋਕਾਂ ਦੀ ਪੂਲ ਸੈਂਪਲਿੰਗ ਲਈ ਜਾ ਰਹੀ ਹੈ।

ਫੋਟੋ ਕੈਪਸ਼ਨ:-ਡਾ.ਰਜਿੰਦਰ ਕੁਮਾਰ ,ਸਿਵਲ ਸਰਜਨ ਫਰੀਦਕੋਟ